ਦਫਤਰ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.1 ਭ ਤੇ ਮ ਸ਼ਾਖਾ, ਸੰਗਰੂਰ

ਦੂਜੀ ਮੰਜਿਲ ਬਲਾਕ-2, ਜਿਲ੍ਹਾ ਪ੍ਰਬੰਧਕੀ ਕੰਪਲੈਕਸ ਸੰਗਰੂਰ।

EMAIL:-sdecno1sgr@gmail.com

ਟੈਲੀਫੋਨ/ਫੈਕਸ ਨੰਬਰ. 01672-234114

ਵੱਲ

ਪ੍ਰਿੰਸੀਪਲ,
ਪੰਜਾਬ ਕਾਨਵੈਂਟ ਸਕੂਲ
ਮਹਿਲਾਂ, ਜਿਲ੍ਹਾ ਸੰਗਰੂਰ।

ਨੰ: 795      ਮਿਤੀ:- 28-04-2026

ਵਿਸ਼ਾ: ਸਾਲ 2026-27 ਦੇ ਲਈ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਦਾ ਪੱਤਰ ਨੰ. 06/26 ਮਿਤੀ. 09.04.2026.

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਏ ਕੇਸ ਲਈ ਇਸ ਦਫ਼ਤਰ ਦੇ ਜੂਨੀਅਰ ਇੰਜੀਨੀਅਰ ਵੱਲੋਂ ਕੀਤੀ ਗਈ ਰਿਪੋਰਟ ਦੇ ਆਧਾਰ ਤੇ ਨਿਮਨਲਿਖਤ ਨਿਰੀਖਣਾ ਅਤੇ ਸ਼ਰਤਾਂ ਅਧੀਨ ਸਾਲ 2026-27 ਦਾ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ:-

1. ਇੰਜ: ਦੀਪਕ ਗਰਗ ਦੁਆਰਾ ਸਟਰਕਚਰ ਸੁਰੱਖਿਆ ਸਰਟੀਫਿਕੇਟ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਸਰਟੀਫਿਕੇਟ ਅਨੁਸਾਰ ਸਕੂਲ ਵਰਤੋਂ ਲਈ ਸੁਰੱਖਿਅਤ ਹੈ, ਪ੍ਰੰਤੂ ਇਸ ਸਕੂਲ ਦਾ ਨਿਰਮਾਣ ਇਸ ਵਿਭਾਗ ਵੱਲੋਂ ਨਹੀਂ ਕੀਤਾ ਗਿਆ ਹੈ, ਇਸ ਲਈ ਵਿਭਾਗ ਦੁਆਰਾ ਸਕੂਲ ਦੀ ਸਟਰੱਕਚਰ ਦੀ ਸੇਫਟੀ ਖਾਸ ਕਰਕੇ ਭੁਚਾਲ ਦੇ ਦ੍ਰਿਸ਼ਟੀਕੋਣ ਤੋਂ ਯਕੀਨੀ ਨਹੀਂ ਬਣਾਈ ਜਾ ਸਕਦੀ।
2. ਜੇਕਰ ਸਕੂਲ ਵੱਲੋਂ ਇਸ ਇਮਾਰਤ ਵਿੱਚ ਕੋਈ ਵਾਧਾ, ਤਬਦੀਲੀ, ਵਿਸਤਾਰ ਅਤੇ ਸੋਧ ਦੀ ਲੋੜ ਹੈ ਜਾਂ ਕੀਤੀ ਜਾਣੀ ਹੈ ਤਾਂ ਨਿਮਨਹਸਤਾਖਰ ਦੀ ਤੁਰੰਤ ਜਾਂਚ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਹਿੱਸੇ ਨੂੰ ਮੁਕੰਮਲ ਕਰਕੇ ਉਸ ਦਾ ਸੇਫਟੀ ਸਰਟੀਫਿਕੇਟ ਨਿਮਨਹਸਤਾਖਰ ਪਾਸੋਂ ਫਿਰ ਤੋਂ ਲਿਆ ਜਾਵੇ।
3. ਜੇਕਰ ਬਿਲਡਿੰਗ ਦੀਆ ਕੰਧਾ, ਨੀਹਾਂ ਅਤੇ ਛੱਤਾਂ ਕੁਦਰਤੀ ਆਫਤ ਕਰਕੇ ਬੈਠ ਜਾਣ ਤਾਂ ਇਸ ਸੂਰਤ ਵਿੱਚ ਸਕੂਲ ਵੱਲੋਂ ਨਿਮਨਹਸਤਾਖਰ ਨੂੰ ਤੁਰੰਤ ਬਿਲਡਿੰਗ ਦੀ ਹਾਲਤ ਬਾਰੇ ਸੂਚਿਤ ਕੀਤਾ ਜਾਵੇ ਅਤੇ ਨਿਰੀਖਣ ਕਰਵਾਉਣ ਉਪਰੰਤ ਹੀ ਬਿਲਡਿੰਗ ਨੂੰ ਵਰਤੋਂ ਵਿੱਚ ਲਿਆ ਜਾਵੇ।
4. ਸਬੰਧਤ ਵਿਭਾਗਾਂ ਤੋਂ ਵੱਖਰੇ ਤੌਰ ਤੇ ਫਾਇਰ ਸੇਫਟੀ ਅਤੇ ਬਿਜਲੀ ਸੇਫਟੀ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ।
5. ਸਕੂਲ ਬਿਲਡਿੰਗ ਦੀ ਸੇਫਟੀ ਨੂੰ ਮੁੱਖ ਰੱਖਦੇ ਹੋਏ ਬਿਲਡਿੰਗ ਦੀ ਰਿਪੇਅਰ ਕਰਵਾਉਣ ਦੀ ਜਿੰਮੇਵਾਰੀ ਸਕੂਲ ਪ੍ਰਬੰਧਨ ਦੀ ਹੈ। ਇਸ ਰਿਪੋਰਟ ਦੇ ਬਾਵਜੂਦ ਸਕੂਲ ਪ੍ਰਬੰਧਨ ਸਾਰੇ ਪੱਖਾਂ ਤੋਂ ਬਿਲਡਿੰਗ ਦੀ ਸੁਰੱਖਿਆ ਲਈ ਜਿੰਮੇਵਾਰ ਹੈ।
6. ਸਕੂਲ ਕੋਲ ਕਿਸੇ ਅਣਸੁਖਾਵੀ ਆਪਦਾ ਨਾਲ ਨਜਿੱਠਣ ਲਈ ਯੋਜਨਾ ਹੋਣੀ ਚਾਹੀਦੀ ਹੈ, ਜਿਸ ਵਿੱਚ ਐਮਰਜੈਂਸੀ ਦੌਰਾਨ ਬੱਚਿਆਂ ਨੂੰ ਬਿਲਡਿੰਗ ਵਿੱਚੋਂ ਸੁਰੱਖਿਅਤ ਬਾਹਰ ਕੱਢਣਾ ਅਤੇ ਸਬੰਧਤ ਵਿਭਾਗ ਨਾਲ ਤਾਲਮੇਲ ਕਰਨ ਦੀ ਯੋਜਨਾ ਹੋਣੀ ਚਾਹੀਦੀ ਹੈ। ਸਕੂਲ ਨੂੰ ਇਸ ਯੋਜਨਾ ਦੀ ਪ੍ਰਭਾਵਸ਼ੀਲਤਾ ਨੂੰ ਯਕੀਨੀ ਬਣਾਉਣ ਲਈ ਨਿਯਮਿਤ ਤੌਰ ਤੇ ਸਮੀਖਿਆ ਅਤੇ ਅੱਪਡੇਟ ਕਰਦੇ ਰਹਿਣਾ ਚਾਹੀਦਾ ਹੈ।
7. ਸਕੂਲ ਨੂੰ ਸਟਾਫ ਮੈਂਬਰਾਂ ਨੂੰ ਉਚਿਤ ਸੁਰੱਖਿਆ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ, ਜਿਸ ਵਿੱਚ ਐਮਰਜੈਂਸੀ, ਫਸਟ ਏਡ ਅਤੇ ਨਿਕਾਸੀ ਪ੍ਰੋਟੋਕੋਲ ਨੂੰ ਸੰਭਾਲਣ ਦੀਆਂ ਪ੍ਰਕਿਰਿਆਵਾਂ ਵੀ ਸ਼ਾਮਲ ਹਨ।
8. ਸਕੂਲ ਦੇ ਕਵਰਡ ਏਰੀਏ ਦੇ ਹਿਸਾਬ ਨਾਲ E-Challan (Receipt No. 23145833 dated 27.04.2026) ਰਾਹੀਂ ਦੱਸ ਹਜ਼ਾਰ ਰੁਪਏ (10,000/-) ਬਿਲਡਿੰਗ ਨਿਰੀਖਣ ਫੀਸ ਵਜੋਂ ਪ੍ਰਾਪਤ ਕੀਤੇ ਗਏ ਹਨ। ਸਕੂਲ ਦਾ ਫਾਇਰ ਸੇਫਟੀ ਸਰਟੀਫਿਕੇਟ ਮਿਤੀ 28.08.2028 ਤੱਕ ਵੈਲਿਡ ਹੈ, ਇਸ ਲਈ ਸਕੂਲ ਦਾ ਸੇਫਟੀ ਸਰਟੀਫਿਕੇਟ ਮਿਤੀ 31.03.2027 ਤੱਕ ਜਾਰੀ ਕੀਤਾ ਜਾਂਦਾ ਹੈ।
9. ਇਹ ਰਿਪੋਰਟ ਕਾਨੂੰਨੀ ਉਦੇਸ਼ ਲਈ ਵੈਲਿਡ ਨਹੀਂ ਹੈ।

(Signature)
ਉਪ ਮੰਡਲ ਇੰਜੀਨੀਅਰ
ਉਸਾਰੀ ਉਪ ਮੰਡਲ ਨੰ.1, ਲੋ.ਨਿ.ਵਿ
ਭ ਤੇ ਮ ਸ਼ਾਖਾ, ਸੰਗਰੂਰ।

ਪਿੱਠ ਅੰਕਣ ਨੰ.      ਮਿਤੀ:

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਸੰਗਰੂਰ ਨੂੰ ਉਨ੍ਹਾਂ ਦੇ ਪਿੱਠ ਅੰਕਣ ਨੰ. 600 ਮਿਤੀ 21-04-2026 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

(Signature)
ਉਪ ਮੰਡਲ ਇੰਜੀਨੀਅਰ
ਉਸਾਰੀ ਉਪ ਮੰਡਲ ਨੰ.1, ਲੋ.ਨਿ.ਵਿ
ਭ ਤੇ ਮ ਸ਼ਾਖਾ, ਸੰਗਰੂਰ।

Makhan Singh
President
Punjab Convent School
Education Society
MEHLAN (Sangrur)

Principal,
Punjab Convent School,
MEHLAN (Sangrur)
... No. 1630821

## Translate Coppy of Building Safety Certificate

**OFFICE OF THE SUB-DIVISIONAL ENGINEER, CONSTRUCTION SUB-DIVISION NO. 1**
**B & R BRANCH, SANGRUR**
Second Floor, Block-2, District Administrative Complex, Sangrur.
**Email:** sdecnoisgr@gmail.com | **Telephone/Fax No.:** 01672-234114

To,
The Principal,
Punjab Convent School,
Mehlan, District Sangrur.
**No.:** 795
**Date:** 28-04-2026
**Subject: Regarding the issuance of the School Building Safety Certificate for the year 2026-27.**
**Reference: Your letter no. 06/26 dated 09.04.2026.**
With reference to the above subject and based on the report submitted by the Junior Engineer of this office regarding the case received via the referenced letter, the School Building Safety Certificate for the year 2026-27 is issued subject to the following observations and conditions:

1. The structural safety certificate has been provided by Engineer Deepak Garg, and according to his certificate, the school is safe for use. However, since this school was not constructed by this department, the structural safety—especially from an earthquake perspective—cannot be guaranteed by the department.
2. If any addition, alteration, extension, or modification is required or carried out in this building by the school, arrangements must be made immediately for an inspection by the undersigned. After completing that portion, a safety certificate must be obtained again from the undersigned.
3. In the event that the walls, foundation, or roofs of the building sink due to a natural calamity, the school must immediately inform the undersigned about the condition of the building and bring it back into use only after getting it inspected.
4. Fire safety and electrical safety certificates must be obtained separately from the respective departments.
5. Keeping the safety of the school building in mind, the responsibility for the repair and maintenance of the building lies with the school management. Despite this report, the school management remains responsible for the safety of the building from all aspects.
6. The school must have a disaster management plan to handle any untoward incident, which should include an emergency evacuation plan to safely move children out of the building and coordinate with the concerned department. The school must regularly review and update this plan to ensure its effectiveness.
7. The school must provide appropriate safety training to the staff members, including procedures for handling emergencies, first aid, and evacuation protocols.
8. Based on the covered area of the school, ten thousand rupees (₹10,000/-) have been received as building inspection fees via E-Challan (Receipt No. 23145833 dated 27.04.2026). Since the school's fire safety certificate is valid until 26.08.2028, this school safety certificate is issued with validity up to 31.03.2027.
9. This report is not valid for legal purposes.

*(Signed)*
**Sub-Divisional Engineer**
Construction Sub-Division No. 1, P.W.D.
B & R Branch, Sangrur

**Endorsement No.:** __________
**Date:** __________
A copy of the above is forwarded to the Executive Engineer, Provincial Division, Public Works Department (B & R Branch), Sangrur, for information with reference to their Endorsement No. 600 dated 21-04-2026.
*(Signed)*
**Sub-Divisional Engineer**
Construction Sub-Division No. 1, P.W.D.
B & R Branch, Sangrur

President
Punjab Convent School
Education Society
MEHLAN (Sangrur)

Principal,
Punjab Convent School,
MEHLAN (Sangrur)
Affi. No. 1630821